ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਨੇ ਸਾਊਥ ਫਲੈਚਰਸ ਸਪੋਰਟਸਪਲੈਕਸ ਦਾ ਨਾਮ ਬਦਲ ਕੇ ਪੂਰਵ ਮੇਅਰ ਸੁਜਨ ਫੈਨਲ ਦੇ ਨਾਮ ਤੇ ਰੱਖਿਆ

ਬ੍ਰੈਂਪਟਨ, ਓਨਟੈਰੀਓ (14 ਸਤੰਬਰ, 2021) – ਅੱਜ ਹੋਏ ਇੱਕ ਸਮਾਰੋਹ ਦੇ ਦੌਰਾਨ, ਮੇਅਰ ਪੈਟਰਿਕ ਬ੍ਰਾਊਨ (Patrick Brown) ਅਤੇ ਵਾਰਡਸ 3 ਅਤੇ 4 ਦੇ ਰੀਜਨਲ ਅਤੇ ਸਿਟੀ ਕਾਉਂਸਲਰਾਂ, ਮਾਰਟਿਨ ਮੇਡੇਇਰੋਸ (Martin Medeiros) ਅਤੇ ਜੈਫ ਬੋਮੈਨ (Jeff Bowman) ਨੇ ਰਸਮੀ ਤੌਰ ਤੇ, ਸਾਊਥ ਫਲੈਚਰਸ ਸਪੋਰਟਸਪਲੈਕਸ (South Fletcher’s Sportsplex) ਦਾ ਨਾਮ ਬਦਲ ਕੇ ਸਨਮਾਨ ਵਿੱਚ ਪੂਰਵ ਮੇਅਰ ਸੁਜਨ ਫੈਨਲ (Susan Fennell) ਦੇ ਨਾਮ ਤੇ ਰੱਖਿਆ।

ਸਪੋਰਟਸਪਲੈਕਸ, ਮੂਲ ਰੂਪ ਨਾਲ 28 ਸਤੰਬਰ, 1997 ਨੂੰ ਖੁੱਲਿਆ ਸੀ। ਇਹ ਕਈ ਤਰ੍ਹਾਂ ਦੇ ਰਜਿਸਟਰਡ ਅਤੇ ਡ੍ਰੌਪ-ਇਨ ਤੈਰਾਕੀ, ਸਕੇਟਿੰਗ, ਸਪੋਰਟਸ ਅਤੇ ਫਿਟਨੈਸ ਪ੍ਰੋਗਰਾਮਾਂ ਦੇ ਨਾਲ-ਨਾਲ, ਰਜਿਸਟਰਡ ਡਾਂਸ, STEM ਅਤੇ ਬੱਚਿਆਂ ਅਤੇ ਨੌਜਵਾਨਾਂ ਦੇ ਪ੍ਰੋਗਰਾਮ ਪੇਸ਼ ਕਰਦਾ ਹੈ।

ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ 30 ਸਤੰਬਰ, 2020 ਨੂੰ ਇਸਦਾ ਨਾਮ ਬਦਲ ਕੇ ਸੁਜਨ ਫੈਨਲ ਸਪੋਰਟਸਪਲੈਕਸ (Susan Fennell Sportsplex) ਰੱਖਣ ਲਈ ਪ੍ਰਵਾਨਗੀ ਦਿੱਤੀ ਸੀ। ਇਹ ਪ੍ਰਸਤਾਵ, ਰੀਜਨਲ ਕਾਉਂਸਲਰ ਮਾਰਟਿਨ ਮੇਡੇਇਰੋਸ ਵੱਲੋਂ ਪੇਸ਼ ਕੀਤਾ ਗਿਆ ਸੀ ਅਤੇ ਰੀਜਨਲ ਕਾਉਂਸਲਰਾਂ ਮਾਈਕਲ ਪਲੇਸ਼ੀ (Michael Palleschi), ਪਾੱਲ ਵਿਸੇਂਟ (Paul Vicente), ਪੈਟ ਫੋਰਟਿਨੀ (Pat Fortini) ਅਤੇ ਰੋਏਨਾ ਸੈਨਟੋਸ (Rowena Santos) ਵੱਲੋਂ ਇਸਦੀ ਹਿਮਾਇਤ ਕੀਤੀ ਗਈ ਸੀ।

**ਸੁਜਨ ਫੈਨਲ ਬਾਰੇ**

ਸੁਜਨ ਫੈਨਲ ਨੇ, 1988 ਤੋਂ 2014 ਤੱਕ, ਬ੍ਰੈਂਪਟਨ ਸਿਟੀ ਕਾਉਂਸਿਲ ਵਿੱਚ ਸੇਵਾ ਦਿੱਤੀ ਸੀ। ਇਸ ਸਮੇਂ ਦੇ ਦੌਰਾਨ, ਉਹ, ਸਾਊਥ ਫਲੈਚਰਸ ਸਪੋਰਟਸਪਲੈਕਸ ਦਾ ਨਿਰਮਾਣ ਕਰਨ ਵਿੱਚ ਸਹਾਇਕ ਰਹੇ ਸਨ। ਉਹਨਾਂ ਦੀ ਲੀਡਰਸ਼ਿਪ ਹੇਠ ਹੀ, ਸਿਟੀ ਦੇ ਜ਼ਿਆਦਾਤਰ ਪ੍ਰਸਿੱਧ ਪ੍ਰੋਜੈਕਟ ਪੂਰੇ ਹੋਏ ਸਨ। ਇਹਨਾਂ ਵਿੱਚ ਸ਼ਾਮਲ ਹਨ, ਦ ਰੋਜ਼ ਥਿਏਟਰ (The Rose Theatre), ਫਲਾਵਰ ਸਿਟੀ ਕਮਿਉਨਿਟੀ ਕੈਂਪਸ ਐਂਡ ਸੀਨੀਅਰਸ ਸੈਂਟਰ (Flower City Community Campus and Seniors Centre), ਕੈਸੀ ਕੈਂਪਬੈਲ ਕਮਿਉਨਿਟੀ ਸੈਂਟਰ (Cassie Campbell Community Centre), ਬ੍ਰੈਂਪਟਨ ਸੌਕਰ ਸੈਂਟਰ (Brampton Soccer Centre), ਗੋਰ ਮੇਡੋਜ ਕਮਿਉਨਿਟੀ ਸੈਂਟਰ (Gore Meadows Community Centre), ਅਤੇ ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ (Century Gardens Recreation Centre) ਅਤੇ ਚਿੰਗਕੂਜ਼ੀ ਪਾਰਕ (Chinguacousy Park) ਨੂੰ ਨਵਾਂ ਅਤੇ ਆਧੁਨਿਕ ਬਣਾਉਣਾ।

ਉਹਨਾਂ ਨੇ ਸਿਟੀ ਆਫ ਬ੍ਰੈਂਪਟਨ ਦੇ ਉਸ ਯਤਨ ਵਿੱਚ ਮੁੱਖ ਭੂਮਿਕਾ ਨਿਭਾਈ, ਜਿਸ ਵਿੱਚ ਸਿਟੀ ਨੇ ਮੇਲ ਖਾਂਦੀ ਫੈਡਰਲ ਅਤੇ ਪ੍ਰੋਵਿੰਸੀਅਲ ਫੰਡਿੰਗ ਵਿੱਚ, 200 ਮਿਲੀਅਨ ਡਾਲਰ ਸੁਰੱਖਿਅਤ ਕੀਤੇ ਸਨ, ਤਾਂ ਜੋ ਬ੍ਰੈਂਪਟਨ ਦੇ ਜ਼ੂਮ ਬੱਸ ਰੈਪਿਡ ਟ੍ਰਾਂਜ਼ਿਟ (Züm Bus Rapid Transit) ਪ੍ਰੋਗਰਾਮ ਨੂੰ ਅਸਲੀਅਤ ਬਣਾਇਆ ਜਾ ਸਕੇ। ਇਸਤੋਂ ਇਲਾਵਾ, ਉਹਨਾਂ ਨੇ ਬਜ਼ੁਰਗਾਂ ਅਤੇ ਸਾਬਕਾ ਫੌਜੀਆਂ ਲਈ, ਛੋਟ ਵਾਲੇ ਕਿਰਾਏ ਦੀ ਸਫਲਤਾਪੂਰਬਕ ਹਿਮਾਇਤ ਕੀਤੀ। ਉਹਨਾਂ ਨੇ ਬ੍ਰੈਂਪਟਨ ਨੂੰ, ਕੈਨੇਡਾ ਵਿੱਚ ਸਭ ਤੋਂ ਵੱਧ ਗਤੀਸ਼ੀਲ ਮਲਟੀ-ਫੇਥ (ਕਈ ਧਰਮਾਂ ਵਿੱਚ ਸ਼ਰਧਾ ਰੱਖਣ ਵਾਲੇ) ਕਮਿਉਨਿਟੀਜ ਵਿੱਚੋਂ ਇੱਕ ਵਜੋਂ ਵਿਕਸਿਤ ਕਰਨ ਵਿੱਚ ਮਦਦ ਕਰਦੇ ਹੋਏ ਧਾਰਮਿਕ ਥਾਵਾਂ ਲਈ, ਇਸ ਤਰ੍ਹਾਂ ਦੇ ਬਿਲਕੁੱਲ ਪਹਿਲੇ ਪਲਾਨਿੰਗ ਫ੍ਰੇਮਵਰਕ ਦੇ ਵਿਕਾਸ ਦੀ ਵੀ ਅਗਵਾਈ ਕੀਤੀ। ਉਹਨਾਂ ਨੇ ਅਲਡਰਲੀ (Alderlea), ਦ ਕੇਨੇਥ ਚਿਸ਼ੋਲਮ ਮੈਨਸ਼ਨ (The Kenneth Chisholm Mansion) ਨੂੰ ਢਾਉਣ ਤੋਂ ਬਚਾਉਣ ਵਿੱਚ ਨਿੱਜੀ ਭੂਮਿਕਾ

ਨਿਭਾਉਂਦੇ ਹੋਏ, ਵਿਰਾਸਤ ਨੂੰ ਸੁਰੱਖਿਅਤ ਰੱਖਣ ਦੀ ਵੀ ਹਿਮਾਇਤ ਕੀਤੀ। ਪਿਛਲੇ 25 ਸਾਲਾਂ ਦੇ ਮੁਕਾਬਲੇ, ਉਹਨਾਂ ਦੇ ਪ੍ਰਸ਼ਾਸਨ ਦੇ ਦੌਰਾਨ, ਵਿਰਾਸਤ ਵਾਲੀਆਂ ਵੱਧ ਇਮਾਰਤਾਂ ਨਿਸ਼ਚਿਤ ਕੀਤੀਆਂ ਗਈਆਂ ਸਨ।

500 ਰੇਅ ਲਾਅਸਨ ਬੁਲੇਵਾਰਡ (500 Ray Lawson Blvd.) ਵਿਖੇ ਸਥਿਤ, ਸੁਜਨ ਫੈਨਲ ਸਪੋਰਟਸਪਲੈਕਸ ਨਵੀਆਂ ਅਤੇ ਸਾਰੀਆਂ ਮੌਜੂਦਾ ਫੈਸਿਲਿਟੀਜ ਨੂੰ ਆਧੁਨਿਕ ਬਣਾਉਣ ਦੀ ਯੋਜਨਾ ਦੇ ਹਿੱਸੇ ਵਜੋਂ, ਸਿਟੀ ਆਫ ਬ੍ਰੈਂਪਟਨ ਦੀ ਪਹਿਲੀ ਜ਼ੀਰੋ-ਕਾਰਬਨ ਵਾਲੀ ਬਿਲਡਿੰਗ ਬਣ ਜਾਵੇਗੀ।

**ਸੁਜਨ ਫੈਨਲ ਸਪੋਰਟਸਪਲੈਕਸ ਸੋਧ ਬਾਰੇ**

2019 ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਆਪਣਾ ਐਨਰਜੀ ਐਂਡ ਐਮਿਸ਼ਨ (Energy and Emission) ਮੈਨੇਜਮੈਂਟ ਪਲਾਨ 2019-2024: ਜ਼ੀਰੋ-ਕਾਰਬਨ ਟ੍ਰਾਂਜਿਸ਼ਨ ਪ੍ਰਕਾਸ਼ਿਤ ਕੀਤਾ ਸੀ। ਇਸ ਪਲਾਨ ਹੇਠ, ਸਿਟੀ ਨੇ ਪ੍ਰੋਵਿੰਸ਼ੀਅਲ ਅਤੇ ਫੈਡਰਲ ਗ੍ਰੀਨ ਹਾਊਸ ਗੈਸ (ਜੀ.ਐਚ.ਜੀ.) (Green House Gas) (GHG) ਨੂੰ 2030 ਤੱਕ 30 ਪ੍ਰਤੀਸ਼ਤ ਅਤੇ 2050 ਤੱਕ 80 ਪ੍ਰਤੀਸ਼ਤ ਘਟਾਉਣ ਦਾ ਟੀਚਾ ਨਿਰਧਾਰਤ ਕੀਤਾ ਹੈ।

ਬ੍ਰੈਂਪਟਨ ਦੀਆਂ ਜ਼ਿਆਦਾਤਰ ਰੇਕ੍ਰੀਏਸ਼ਨ ਫੈਸਿਲਿਟੀਜ, ਸਿਟੀ ਦੀਆਂ ਸਾਲਾਨਾ ਜੀ.ਐਚ.ਜੀ. (GHG) ਨਿਕਾਸੀਆਂ ਦੇ ਲਗਭਗ 50 ਪ੍ਰਤੀਸ਼ਤ ਲਈ ਜ਼ਿੰਮੇਵਾਰ ਹਨ। ਸੋਧ ਵਾਸਤੇ ਸੁਜਨ ਫੈਨਲ ਸਪੋਰਟਸਪਲੈਕਸ ਦੀ ਚੋਣ ਇਸਲਈ ਕੀਤੀ ਗਈ ਸੀ ਕਿਉਂਕਿ ਫੈਸਿਲਿਟੀ ਉੱਚ ਜੀ.ਐਚ.ਜੀ. ਨਿਕਾਸੀਆਂ ਛੱਡਦੀ ਹੈ। ਫੈਸਿਲਿਟੀ ਵਿੱਚ ਜ਼ਿਆਦਾਤਰ ਵੱਡੇ ਉਪਕਰਨਾਂ ਦੀ ਸੰਭਾਵਿਤ ਉਪਯੋਗਿਤਾ ਵੀ ਖ਼ਤਮ ਹੋਣ ਵਾਲੀ ਸੀ। 2019 ਦਾ ਯੂਟੀਲਿਟੀ ਡੇਟਾ ਵਰਤਦੇ ਹੋਏ, ਇਹ ਨਿਰਧਾਰਤ ਕੀਤਾ ਗਿਆ ਸੀ ਕਿ ਫੈਸਿਲਿਟੀ ਸਾਲਾਨਾ ਤੌਰ ਤੇ ਲਗਭਗ 1,100 ਟਨ $CO_2$ ਛੱਡ ਰਹੀ ਹੈ, ਜੋ 238 ਯਾਤਰੀ ਵਾਹਨਾਂ ਵੱਲੋਂ ਪੈਦਾ ਹੋਣ ਵਾਲੀਆਂ ਨਿਕਾਸੀਆਂ ਦੇ ਬਰਾਬਰ ਹੈ।

ਫੈਸਿਲਿਟੀ ਤੇ ਸਤੰਬਰ 2020 ਵਿੱਚ ਸੰਭਵਤਾ ਅਧਿਐਨ ਪੂਰਾ ਕੀਤਾ ਗਿਆ ਸੀ, ਜਿਸ ਵਿੱਚ ਉਹ ਤਬਦੀਲੀਆਂ ਸ਼ਾਮਲ ਸਨ, ਜੋ ਜ਼ੀਰੋ-ਕਾਰਬਨ ਟ੍ਰਾਂਜਿਸ਼ਨ ਲਈ ਲੋੜੀਂਦੀਆਂ ਹਨ। ਅਪ੍ਰੈਲ 2021 ਵਿੱਚ ਸਿਟੀ ਕਾਉਂਸਿਲ ਵੱਲੋਂ ਪਹਿਲੇ ਤਿੰਨ-ਫੇਜ ਵਾਲੇ ਪ੍ਰੋਜੈਕਟ ਨੂੰ ਪ੍ਰਵਾਨਗੀ ਦਿੱਤੀ ਗਈ ਸੀ ਅਤੇ ਅਗਸਤ 2021 ਵਿੱਚ ਪ੍ਰਸਤਾਵਾਂ ਲਈ ਬੇਨਤੀ ਪ੍ਰਕਾਸ਼ਿਤ ਕੀਤੀ ਗਈ ਸੀ।

**ਹਵਾਲੇ**

"ਮੈਨੂੰ ਪੂਰਵ ਮੇਅਰ ਸੁਜਨ ਫੈਨਲ ਨੂੰ ਅਤੇ ਬ੍ਰੈਂਪਟਨ ਨੂੰ ਸਾਰਿਆਂ ਵਾਸਤੇ ਰਹਿਣ, ਕੰਮ ਕਰਨ ਅਤੇ ਖੇਡਣ ਲਈ ਬਿਹਤਰ ਜਗ੍ਹਾ ਬਣਾਉਣ ਵਿੱਚ ਉਹਨਾਂ ਦੇ ਸਮਰਪਣ ਨੂੰ ਸਨਮਾਨਿਤ ਕਰਨ ਤੇ ਮਾਣ ਹੈ। ਬ੍ਰੈਂਪਟਨ ਸਿਟੀ ਕਾਉਂਸਿਲ ਵਿੱਚ ਉਹਨਾਂ ਦੀ 26 ਸਾਲਾਂ ਦੀ ਸੇਵਾ ਦੇ ਦੌਰਾਨ, ਉਹਨਾਂ ਨੇ ਕਈ ਅਜਿਹੇ ਪ੍ਰਸਿੱਧ ਪ੍ਰੋਜੈਕਟਾਂ ਦੇ ਨਾਲ, ਸਪੋਰਟਸਪਲੈਕਸ ਨੂੰ ਕਿਰਿਆਸ਼ੀਲ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ, ਜੋ ਅੱਜ ਸਾਡੀ ਕਮਿਉਨਿਟੀ ਲਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਮਹੱਤਵਪੂਰਣ ਹਨ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਪੂਰਵ ਮੇਅਰ ਸੁਜਨ ਫੈਨਲ ਨੇ ਸਿਟੀ ਕਾਉਂਸਿਲ ਵਿੱਚ ਆਪਣੇ ਸਮੇਂ ਦੇ ਦੌਰਾਨ ਕਈ ਸ਼ਾਨਦਾਰ ਕੰਮ ਪੂਰੇ ਕੀਤੇ ਹਨ। ਉਹਨਾਂ ਦੇ ਕਾਰਜਕਾਲ ਦੇ ਦੌਰਾਨ, ਬ੍ਰੈਂਪਟਨ ਕਰਜ਼-ਮੁਕਤ ਹੋ ਗਿਆ ਸੀ ਅਤੇ ਇਸਨੂੰ ਟ੍ਰਿਪਲ AAA ਕ੍ਰੈਡਿਟ ਰੇਟਿੰਗ ਮਿਲੀ ਸੀ। ਉਹਨਾਂ ਨੇ ਅਸਲੀ ਵਿਰਸਾ ਦਿੱਤਾ ਹੈ ਅਤੇ ਸਾਡੇ ਸ਼ਹਿਰ ਵਿੱਚ ਤਬਦੀਲੀ ਲਿਆਂਦੀ ਹੈ। ਅਸੀਂ ਫੈਸਿਲਿਟੀ ਦਾ ਨਾਮ ਬਦਲ ਕੇ ਉਹਨਾਂ ਦੇ ਯੋਗਦਾਨਾਂ ਦਾ ਸਨਮਾਨ ਕਰਨ ਲਈ ਉਤਸ਼ਾਹਿਤ ਹਾਂ।"

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4, ਸਿਟੀ ਆਫ ਬ੍ਰੈਂਪਟਨ*

"ਸੁਜਨ ਫੈਨਲ ਸਪੋਰਟਸਪਲੈਕਸ ਨਾਮ ਰੱਖਣ ਦੇ ਇਲਾਵਾ, ਖੁਸ਼ੀ ਦੀ ਗੱਲ ਹੈ ਕਿ ਇਹ ਫੈਸਿਲਿਟੀ, ਨਵੀਆਂ ਅਤੇ ਮੌਜੂਦਾ ਫੈਸਿਲਿਟੀਜ ਨੂੰ ਆਧੁਨਿਕ ਬਣਾਉਣ ਦੀ ਸਾਡੀ ਯੋਜਨਾ ਦੇ ਹਿੱਸੇ ਵਜੋਂ, ਸਿਟੀ ਆਫ ਬ੍ਰੈਂਪਟਨ ਵਿੱਚ ਪਹਿਲੀ ਜ਼ੀਰੋ-ਕਾਰਬਨ ਵਾਲੀ ਬਿਲਡਿੰਗ ਬਣ ਜਾਵੇਗੀ। ਪੂਰਵ ਮੇਅਰ ਫੈਨਲ ਨੇ, ਇਸ ਸਿਟੀ ਵਿੱਚ ਵੂਮੈਨਸ ਹਾਕੀ ਲਿਆਉਣ ਵਿੱਚ ਅਤੇ ਬ੍ਰੈਂਪਟਨ ਵਿੱਚ ਖੇਡਾਂ ਦੇ ਵਾਧੇ ਅਤੇ ਲਗਾਤਾਰ ਵਿਕਾਸ ਵਿੱਚ ਵੀ ਮਹੱਤਵਪੂਰਣ ਭੂਮਿਕਾ ਨਿਭਾਈ ਹੈ।

- *ਜੈਫ ਬੋਮੈਨ (Jeff Bowman), ਸਿਟੀ ਕਾਉਂਸਲਰ, ਵਾਰਡਸ 3 ਅਤੇ 4, ਸਿਟੀ ਆਫ ਬ੍ਰੈਂਪਟਨ*

"ਮੈਂ ਇਹ ਮਾਨਤਾ ਮਿਲਣ ਤੇ ਬਹੁਤ ਸਨਮਾਨਿਤ ਮਹਿਸੂਸ ਕਰ ਰਹੀ ਹਾਂ। ਸੁਜਨ ਫੈਨਲ ਸਪੋਰਟਸਪਲੈਕਸ ਮੇਰੇ ਲਈ ਬਹੁਤ ਮਹੱਤਵਪੂਰਣ ਹੈ ਕਿਉਂਕਿ ਇਹ ਵਾਰਡ ਵਿੱਚ ਪੂਰਾ ਹੋਣ ਵਾਲਾ, ਪਹਿਲਾ ਨਵਾਂ ਕਮਿਉਨਿਟੀ ਸੈਂਟਰ ਸੀ, ਜਿਸਦੀ ਮੈਂ ਅਲਡਰਮੈਨ ਅਤੇ ਰੀਜਨਲ ਕਾਉਂਸਲਰ ਹੋਣ ਵਜੋਂ ਨੁਮਾਇੰਦਗੀ ਕੀਤੀ ਸੀ। ਮੈਂ ਇੱਕ ਰਿੰਕ ਅਤੇ ਕਮਿਉਨਿਟੀ ਪੂਲ, ਜਿਮ ਅਤੇ ਲਾਇਬ੍ਰੇਰੀ ਵਾਲੀ, 4-ਰਿੰਕ ਦੀ ਫੈਸਿਲਿਟੀ ਵਿੱਚ ਕਮਿਉਨਿਟੀ ਰੂਮ ਦੇ ਨਾਲ, ਸਧਾਰਨ, "ਆਮ" ਫੈਸਿਲਿਟੀ ਦੇ ਮੂਲ ਡਿਜ਼ਾਈਨ ਦਾ ਵਿਸਤਾਰ ਕਰਨ ਦੀ ਸਫਲਤਾਪੂਰਬਕ ਹਿਮਾਇਤ ਕੀਤੀ ਸੀ। ਮੈਂ ਇਸ ਸਨਮਾਨ ਵਾਸਤੇ ਮੇਅਰ ਅਤੇ ਕਾਉਂਸਿਲ ਦੀ ਧੰਨਵਾਦੀ ਹਾਂ।"

- *ਸੁਜਨ ਫੈਨਲ (Susan Fennell), ਪੂਰਵ ਮੇਅਰ, ਸਿਟੀ ਆਫ ਬ੍ਰੈਂਪਟਨ*

"ਇਹ ਮਹੱਤਵਪੂਰਣ ਹੈ ਕਿ ਅਸੀਂ ਉਹਨਾਂ ਵਿਅਕਤੀਆਂ ਨੂੰ ਸਨਮਾਨਿਤ ਕਰੀਏ, ਜਿਹਨਾਂ ਨੇ ਸਿਟੀ ਆਫ ਬ੍ਰੈਂਪਟਨ ਵਿੱਚ ਮਹੱਤਵਪੂਰਣ ਯੋਗਦਾਨ ਦਿੱਤੇ ਹਨ। ਸਾਨੂੰ ਰਸਮੀ ਤੌਰ ਤੇ ਇਸ ਮਹੱਤਵਪੂਰਣ ਸੈਂਟਰ ਦਾ ਨਾਮ ਬਦਲ ਕੇ ਸੁਜਨ ਫੈਨਲ ਸਪੋਰਟਸਪਲੈਕਸ ਰੱਖਣ ਦੀ ਬਹੁਤ ਖੁਸ਼ੀ ਹੋ ਰਹੀ ਹੈ। ਸਾਈਨ ਬੋਰਡਾਂ ਨੂੰ ਅੱਪਡੇਟ ਕਰਨ ਦਾ ਕੰਮ ਜਾਰੀ ਹੈ ਅਤੇ ਅਸੀਂ ਅੰਤਿਮ ਨਤੀਜੇ ਲਈ ਉਤਸ਼ਾਹਿਤ ਹਾਂ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca